**MODEL TEST PAPER**

**PAPER - I**
**ADVANCES AND FOREIGN EXCHANGE**
**TRADE – BANKING AND FINANCIAL SERVICES**
**SUBJECT CODE – 216**

TIME: 2 Hours MM: 30

**ਭਾਗ - I**

**(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ)**

(10X1=10)

1. ਕੇਵਾਈਸੀ (KYC) ਤੋਂ ਭਾਵ ਹੈ ।
   A) ਆਪਣੇ ਚਰਿੱਤਰ ਨੂੰ ਜਾਣੋ
   B) ਆਪਣੇ ਕਾਊਂਟਰ ਨੂੰ ਜਾਣੋ
   C) ਆਪਣੀ ਕੰਪਨੀ ਨੂੰ ਜਾਣੋ
   D) ਆਪਣੇ ਗ੍ਰਾਹਕ ਨੂੰ ਜਾਣੋ
2. ......... ਇੱਕ ਖਾਤਾ ਧਾਰਕ ਨੂੰ ਇੱਕ ਨਿਸ਼ਚਤ ਸੀਮਾ ਤੱਕ, ਉਸਦੇ ਖਾਤੇ ਵਿੱਚ ਉਪਲਬਧ ਰਕਮ ਤੋਂ ਵੱਧ ਪੈਸੇ ਕਢਵਾਉਣ ਦੀ ਆਗਿਆ ਦਿੰਦਾ ਹੈ। ( ਖਾਲੀ ਥਾਂ ਭਰੋ)
3. ਗਾਰੰਟਰ ਕੌਣ ਹੁੰਦਾ ਹੈ?
4. ਅੰਤਰਰਾਸ਼ਟਰੀ ਬਜ਼ਾਰ ਨੂੰ ਤਰਲਤਾ ਪ੍ਰਦਾਨ ਕਰਨ ਵਿੱਚ ਵਿਦੇਸ਼ੀ ਮੁਦਰਾ ਬਜ਼ਾਰ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। (ਸਹੀ ਜਾਂ ਗ਼ਲਤ)
5. ਬੈਂਕਿੰਗ ਖੇਤਰ ਨੂੰ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਹੈ ਕਿਉਂਕਿ ਇਹ
   A) ਜਮ੍ਹਾਂ ਰਕਮ ਸਵੀਕਾਰ ਕਰਦਾ ਹੈ
   B) ਕਰਜੇ ਪ੍ਰਦਾਨ ਕਰਦਾ ਹੈ
   C) ਆਮ ਉਪਯੋਗਤਾ ਸੇਵਾਵਾਂ ਪ੍ਰਦਾਨ ਕਰਦਾ ਹੈ
   D) ਉਪਰੋਕਤ ਸਾਰੇ
6. ਮੌਰਟਗੇਜ ਅਧੀਨ ਕਰਜ਼ਾ ਚੱਲ ਸੰਪਤੀ ਦੇ ਵਿਰੁੱਧ ਪ੍ਰਦਾਨ ਕੀਤਾ ਜਾਂਦਾ ਹੈ। (ਸਹੀ ਜਾਂ ਗ਼ਲਤ)
7. ਵਪਾਰੀ ਬੈਂਕਾਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਕਿਸੇ ਇੱਕ ਸੇਵਾ ਦਾ ਨਾਮ ਲਿਖੋ।
8. ਕਿਰਾਇਆ ਖਰੀਦ ਪ੍ਰਣਾਲੀ ਵਿੱਚ ਸੰਪੱਤੀ ............ ਪਰ ਲਈ ਜਾਂਦੀ ਹੈ। (ਖਾਲੀ ਥਾਂ ਭਰੋ)

9. ਏ ਟੀ ਐਮ ਦੀ ਵਰਤੋਂ ਕੀਤੀ ਜਾ ਸਕਦੀ ਹੈ-
   A) ਪੈਸੇ ਕਢਵਾਉਣ ਲਈ
   B) ਖਾਤੇ ਦੀ ਜਾਣਕਾਰੀ ਲਈ
   C) ਖਾਤੇ ਦੇ ਵਿਵਰਣ ਲਈ
   D) ਉਪਰੋਕਤ ਸਾਰੇ
10. ਫੈਕਟਰ ਆਪਣੇ ਗ੍ਰਾਹਕਾਂ ਨੂੰ ਫੈਕਟਰਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਮੁਆਵਜ਼ੇ ਵਜੋਂ ਫੈਕਟਰਿੰਗ ਫੀਸ ਪ੍ਰਾਪਤ ਕਰਦੇ ਹਨ। (ਸਹੀ ਜਾਂ ਗ਼ਲਤ)

**ਭਾਗ - II**

**(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ 3-3 ਅੰਕਾਂ ਦੇ ਹਨ।)**

(5X3=15)

11. ਸੁਰੱਖਿਅਤ ਜਮ੍ਹਾਂ ਲੋਕਰ ਅਤੇ ਸੁਰੱਖਿਅਤ ਕਸਟਡੀ ਅਕਾਊਂਟ ਵਿਚ ਅੰਤਰ ਦੱਸੋ।
12. ਅੰਸ਼ਾਂ ਦੇ ਅਭਿਗੋਪਨ ਪਰ ਨੋਟ ਲਿਖੋ।
13. ਇੰਡੈਨਿਟੀ ਦਾ ਇਕਰਾਰਨਾਮਾ ਕੀ ਹੈ?
14. ਪੱਟਾ ਸਮਝੌਤਾ ਕੀ ਹੈ?
15. ਫੌਰਨ ਐਕਸਚੇਂਜ ਪਰ ਨੋਟ ਲਿਖੋ।
16. ਹਾਈਪੋਥੇਕੇਸ਼ਨ ਚਾਰਜ ਕੀ ਹੈ?
17. ਏ.ਟੀ.ਐਮ ਦੇ ਵਿਭਿੰਨ ਲਾਭਾਂ ਬਾਰੇ ਸੰਖੇਪ ਵਿੱਚ ਲਿਖੋ।

**ਭਾਗ - III**

**(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ)**

(1X5=5)

18. ਫੈਕਟਰਿੰਗ ਕੀ ਹੈ? ਫੈਕਟਰਿੰਗ ਦੀਆਂ ਵੱਖ-ਵੱਖ ਕਿਸਮਾਂ ਦੀਆਂ ਵਿਸਥਾਰਪੂਰਵਕ ਵਿਆਖਿਆ ਕਰੋ।
19. ਉਧਾਰ ਪੱਤਰ ( Letter of credit) ਕੀ ਹੈ? ਉਧਾਰ ਪੱਤਰ ਦੀਆਂ ਵੱਖ- ਵੱਖ ਕਿਸਮਾਂ ਬਾਰੇ ਲਿਖੋ।

**MODEL TEST PAPER**

**PAPER - I**
**ADVANCES AND FOREIGN EXCHANGE**
**TRADE – BANKING AND FINANCIAL SERVICES**
**SUBJECT CODE – 216**

TIME: 2 Hours MM: 30

**ਭਾਗ - I**

**(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ )**

(10X1=10)

1. ਐਚ ਡੀ ਐਫ ਸੀ (HDFC) ਦਾ ਪੂਰਾ ਨਾਮ ਹੈ
   A) ਹਾਊਸਿੰਗ ਡਿਵੈਲਪਮੈਂਟ ਫਾਇਨਾਂਸ ਕਾਰਪੋਰੇਸ਼ਨ
   B) ਹਾਊਸਿੰਗ ਡਿਵੈਲਪਮੈਂਟ ਫੈੱਡਰੇਸ਼ਨ ਆਫ ਕਾਮਰਸ
   C) ਹਾਊਸਿੰਗ ਡਿਵੈਲਪਮੈਂਟ ਫਾਇਨਾਂਸ ਕੰਪਨੀ
   D) ਉਪਰੋਕਤ ਵਿੱਚੋਂ ਕੋਈ ਨਹੀਂ
2. ਇੱਕ ਬੈਂਕ ਦਾ ਕਰਜ਼ਦਾਰ ਕੌਣ ਨਹੀਂ ਹੋ ਸਕਦਾ?
3. ਲੋਨ ਐਪਲੀਕੇਸ਼ਨ ਵਿੱਚ ਗ੍ਰਾਹਕ ਆਪਣੀ ਨਿੱਜੀ ਅਤੇ ਵਿੱਤੀ ਜਾਣਕਾਰੀ ਦਾ ਖੁਲਾਸਾ ਨਹੀਂ ਕਰਦਾ। ( ਸਹੀ ਜਾਂ ਗ਼ਲਤ)
4. ਨਿਵੇਸ਼ ਸਲਾਹ ਦੇਣ ਦੇ ਬਦਲੇ ਮਾਹਿਰ ਨਿਵੇਸ਼ਕ ਤੋਂ.......... ਪ੍ਰਾਪਤ ਕਰਦੇ ਹੈ। (ਖਾਲੀ ਥਾਂ ਭਰੋ)
5. ਏ ਟੀ ਐਮ ਸਹੂਲਤ ਉਪਲਬਧ ਹੈ
   A) ਸਿਰਫ਼ ਬੈਂਕਿੰਗ ਘੰਟਿਆਂ ਲਈ
   B) 24 ਘੰਟੇ ਅਤੇ ਹਫ਼ਤੇ ਦੇ 7 ਦਿਨ
   C) ਸੋਮਵਾਰ ਤੋਂ ਸ਼ੁੱਕਰਵਾਰ
   D) ਉਪਰੋਕਤ ਵਿੱਚੋਂ ਕੋਈ ਨਹੀਂ
6. ਗੋਲਡ ਲੋਨ ਕਿਸ ਪ੍ਰਕਾਰ ਦੇ ਚਾਰਜ ਦੀ ਉਦਾਹਰਣ ਹੈ?
7. ਕਿਰਾਇਆ ਖਰੀਦ ਪ੍ਰਣਾਲੀ ਵਿੱਚ ਕੇਵਲ ਵਿਆਜ ਹੀ ਟੈਕਸ ਕਟੌਤੀ ਲਈ ਮੰਨਣ ਯੋਗ ਹੁੰਦਾ ਹੈ। (ਸਹੀ ਜਾਂ ਗ਼ਲਤ)
8. ਤਰਜੀਹੀ ਖੇਤਰ ਦੇ ਕਰਜ਼ਿਆਂ ਤੇ ਵਿਆਜ ਦਰ ਆਮਤੌਰ ਤੇ ਦੂਜੇ ਕਰਜ਼ਿਆਂ ਦੇ ਮੁਕਾਬਲੇ ........... ਹੁੰਦੀ ਹੈ। (ਖਾਲੀ ਥਾਂ ਭਰੋ)

9. ਸੋਨੇ ਅਤੇ ਚਾਂਦੀ ਦੇ ਗਹਿਣੇ ਬੈਂਕ ਲਾਕਰਾਂ ਵਿੱਚ ਰੱਖਣੇ ਚਾਹੀਦੇ ਹਨ

A) ਇਹ ਸੁਰੱਖਿਅਤ ਹੈ

B) ਚੋਰੀ ਦਾ ਕੋਈ ਖਤਰਾ ਨਹੀਂ

C) ਦੋਵੇਂ (A) ਅਤੇ (B)

D) ਉਪਰੋਕਤ ਵਿੱਚੋਂ ਕੋਈ ਨਹੀਂ

10. ਲੈਂਡਿੰਗ ਪੂੰਜੀ ਦੀ ਕੁਸ਼ਲ ਵੰਡ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਤਾ ਨਹੀਂ ਕਰਦਾ। (ਸਹੀ ਜਾਂ ਗ਼ਲਤ)

**ਭਾਗ - II**

**(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ 3-3 ਅੰਕਾਂ ਦੇ ਹਨ।)**

(5X3=15)

11. ਨਕਦ ਕ੍ਰੈਡਿਟ ਅਤੇ ਓਵਰ ਡਰਾਫਟ ਵਿੱਚ ਅੰਤਰ ਲਿਖੋ।
12. ਅਸੁਰੱਖਿਅਤ ਕਰਜ਼ਿਆਂ ਪਰ ਨੋਟ ਲਿਖੋ।
13. ਅਸਾਈਨਮੈਂਟ ਦੀਆਂ ਕਿਸਮਾਂ ਦੀ ਸੰਖੇਪ ਵਿੱਚ ਵਿਆਖਿਆ ਕਰੋ।
14. ਗੈਰ ਨਿਵਾਸੀ ਖਾਤੇ ਦੀਆਂ ਵੱਖ - ਵੱਖ ਕਿਸਮਾਂ ਬਾਰੇ ਸੰਖੇਪ ਵਿੱਚ ਲਿਖੋ।
15. ਕੇ ਵਾਈ ਸੀ ਦੀਆਂ ਵਿਸ਼ੇਸ਼ਤਾਵਾਂ ਲਿਖੋ।
16. ਓਪਨ ਐਂਡਡ ਮਿਉਚੁਅਲ ਫੰਡ ਕੀ ਹਨ?
17. ਪੱਟੇ ਦੀਆਂ ਵਿਸ਼ੇਸ਼ਤਾਵਾਂ ਲਿਖੋ।

**ਭਾਗ - III**

**(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ)**

(1X5=5)

18. ਘਰ ਲਈ ਵਿੱਤ ਕੀ ਹੈ? ਘਰ ਲਈ ਵਿੱਤ ਨਾਲ ਸਬੰਧਤ ਵੱਖ-ਵੱਖ ਸਕੀਮਾਂ ਦੀ ਵਿਆਖਿਆ ਕਰੋ।
19. ਅੰਸ਼ਾਂ ਅਤੇ ਰਿਣ ਪੱਤਰਾਂ ਦੇ ਅਭਿਗੋਪਨ ਵਿੱਚ ਵਪਾਰੀ ਬੈਂਕਾਂ ਦੀ ਭੂਮਿਕਾ ਦਾ ਵਰਣਨ ਵਿਸਥਾਰ ਪੂਰਵਕ ਕਰੋ।

**MODEL TEST PAPER**

**PAPER - II**
**MANAGERIAL ECONOMICS AND STATISTICS**
**TRADE – BANKING AND FINANCIAL SERVICES**
**SUBJECT CODE – 215**

TIME: 2 Hours MM: 30

**ਭਾਗ - I**

**(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ)**

(10X1=10)

1. ਜਿਹੜੀਆਂ ਵਸਤੂਆਂ ਇੱਕ ਦੂਸਰੇ ਲਈ ਬਦਲੀਆਂ ਜਾ ਸਕਦੀਆਂ ਹਨ ਉਹਨਾਂ ਨੂੰ ……… ਕਹਿੰਦੇ ਹਨ?
   A) ਪ੍ਰਤੀਸਥਾਪਨ ਵਸਤੂਆਂ
   B) ਪੂਰਕ ਵਸਤੂਆਂ
   C) ਨਿਮਨ ਕੋਟੀ ਵਸਤੂਆਂ
   D) ਗਿਫ਼ਨ ਵਸਤੂਆਂ
2. ਘੱਟਦੀ ਸੀਮਾਂਤ ਉਪਯੋਗਿਤਾ ਦੇ ਸਿਧਾਂਤ ਨੂੰ ……… ਵੀ ਕਿਹਾ ਜਾਂਦਾ ਹੈ। (ਖਾਲੀ ਥਾਂ ਭਰੋ)
3. ਪ੍ਰਬੰਧਕੀ ਅਰਥਸ਼ਾਸਤਰ ਦਾ ਸੰਬੰਧ ਖੇਤੀਬਾੜੀ ਦੇ ਪ੍ਰਬੰਧ ਨਾਲ ਹੈ। ( ਸਹੀ ਜਾਂ ਗ਼ਲਤ)
4. ਹੇਠ ਲਿਖੇ ਅੰਕੜਿਆਂ ਤੋਂ ਮਧਿਅਕਾ (Median) ਗਿਆਤ ਕਰੋ:

| | | | | | | | | | | |
|---|---|---|---|---|---|---|---|---|---|---|
| 18 | 30 | 36 | 31 | 33 | 21 | 40 | 29 | 15 | 11 | 20 |

   A) 30
   B) 29
   C) 21
   D) 18
5. ਮੰਗ ਦਾ ਨਿਯਮ ਕੀਮਤ ਅਤੇ ਮੰਗ ਵਿੱਚ ………… ਸੰਬੰਧ ਦਰਸਾਉਂਦਾ ਹੈ। (ਖਾਲੀ ਥਾਂ ਭਰੋ)
6. ਅਧਾਰ ਸਾਲ ਦਾ ਸੂਚਕ ਅੰਕ ਕਿੰਨਾ ਹੁੰਦਾ ਹੈ?
7. ਸਾਂਖਿਅਕੀ ਵਿੱਚ ਗੁਣਾਤਮਕ ਚਰਾਂ ਦਾ ਅਧਿਐਨ ਕੀਤਾ ਜਾਂਦਾ ਹੈ। (ਸਹੀ ਜਾਂ ਗ਼ਲਤ)

8. ਕਿਸੇ ਵਸਤੂ ਜਾਂ ਸੇਵਾ ਵਿੱਚ ਮਨੁੱਖ ਦੀਆਂ ਜ਼ਰੂਰਤਾ ਨੂੰ ਸੰਤੁਸ਼ਟ ਕਰਨ ਦੇ ਗੁਣ ਜਾਂ ਸ਼ਕਤੀ ਨੂੰ ......... ਕਹਿੰਦੇ ਹਨ।
   A) ਮੰਗ
   B) ਤੁਸ਼ਟੀਗੁਣ
   C) ਲਾਭਦਾਇਕਤਾ
   D) ਸੰਤੁਲਨ
9. ਕਾਰਲ ਪੀਅਰਸਨ ਦੇ ਸਹਿ- ਸੰਬੰਧ ਗੁਣਾਕ ਦਾ ਸੂਤਰ ਲਿਖੋ।
10. ਉਦਾਸੀਨ ਵੱਕਰ ਦਾ ਸਿਧਾਂਤ ਸਭ ਤੋਂ ਪਹਿਲਾਂ ........... ਦੁਆਰਾ ਪੇਸ਼ ਕੀਤਾ ਗਿਆ ਸੀ। (ਖਾਲੀ ਥਾਂ ਭਰੋ)

**ਭਾਗ - II**

**(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ 3-3 ਅੰਕਾਂ ਦੇ ਹਨ।)**

(5X3=15)

11. ਪ੍ਰਬੰਧਕੀ ਅਰਥ ਸ਼ਾਸਤਰ ਤੋਂ ਕੀ ਭਾਵ ਹੈ?
12. ਸਾਂਖਿਅਕੀ ਦੇ ਖੇਤਰ ਬਾਰੇ ਸੰਖੇਪ ਵਿੱਚ ਵਿਆਖਿਆ ਕਰੋ
13. ਮੰਗ ਵਿੱਚ ਵਾਧਾ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਵੱਖ-ਵੱਖ ਕਾਰਕ ਕੀ ਹਨ?
14. ਉਦਾਸੀਨ ਵੱਕਰ ਵਿਸ਼ਲੇਸ਼ਣ ਕੀ ਹੈ?
15. ਸੂਚਕ ਅੰਕਾਂ ਦੇ ਕੀ ਲਾਭ ਹਨ?
16. ਮੰਗ ਦੀ ਕੀਮਤ ਲੋਚ ਨੂੰ ਮਾਪਣ ਦੀ ਗ੍ਰਾਫਿਕ ਵਿਧੀ ਕੀ ਹੈ?
17. ਹੇਠ ਲਿਖੇ ਅੰਕੜਿਆਂ ਦੀ ਸਹਾਇਤਾ ਨਾਲ 1998 ਨੂੰ ਅਧਾਰ ਸਾਲ ਮੰਨ ਕੇ ਸਰਲ ਸਮੂਹੀਕਰਨ ਵਿਧੀ ਰਾਹੀਂ 2010 ਦੇ ਸੂਚਕ ਅੰਕ ਗਿਆਤ ਕਰੋ।

| ਵਸਤੂਆਂ | A | B | C | D | E |
|---|---|---|---|---|---|
| 1998 ਦੀ ਕੀਮਤਾਂ: | 60 | 50 | 10 | 5 | 2 |
| 2010 ਦੀ ਕੀਮਤਾਂ: | 80 | 60 | 20 | 10 | 6 |

**ਭਾਗ - III**

**(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ)**

(1X5=5)

18. ਸਮ- ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀ ਵਿਸਥਾਰ ਪੂਰਵਕ ਵਿਆਖਿਆ ਕਰੋ।

19. ਹੇਠ ਲਿਖੀ ਲੜੀ ਦਾ ਪਦ ਵਿਚਲਣ ਵਿਧੀ (Step deviation method) ਰਾਹੀਂ ਪ੍ਰਮਾਪ ਵਿਚਲਨ (Standard deviation) ਗਿਆਤ ਕਰੋ।

| ਅਕਾਰ: | 0-2 | 2-4 | 4-6 | 6-8 | 8-10 | 10-12 |
|---|---|---|---|---|---|---|
| ਆਵ੍ਰਿਤੀ: | 2 | 4 | 6 | 4 | 2 | 6 |

**MODEL TEST PAPER**
**PAPER - II**
**MANAGERIAL ECONOMICS AND STATISTICS**
**TRADE – BANKING AND FINANCIAL SERVICES**
**SUBJECT CODE – 215**

TIME: 2 Hours MM: 30

**ਭਾਗ - I**

**(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ)**

(10X1=10)

1. ਅਰਥ-ਸ਼ਾਸਤਰ ਦੀ ਉਹ ਸ਼ਾਖਾ ਜੋ ਵਪਾਰਕ ਸੰਸਥਾਵਾਂ ਦੇ ਫੈਸਲੇ ਕਰਨ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੀ ਹੈ ਨੂੰ .......... ਕਹਿੰਦੇ ਹਨ।
   A) ਵਪਾਰਕ ਅਰਥ-ਸ਼ਾਸਤਰ
   B) ਪ੍ਰਯੋਗਿਕ ਅਰਥ-ਸ਼ਾਸਤਰ
   C) ਖੇਤੀਬਾੜੀ ਅਰਥ-ਸ਼ਾਸਤਰ
   D) ਉਪਰੋਕਤ ਸਾਰੇ
2. ਘੱਟਦੀ ਸੀਮਾਂਤ ਉਪਯੋਗਤਾ ਦਾ ਨਿਯਮ ........... ਨਾਲ ਸੰਬੰਧਿਤ ਹੁੰਦਾ ਹੈ। (ਖਾਲੀ ਥਾਂ ਭਰੋ)
3. ਮੰਗ ਦੇ ਨਿਯਮ ਅਨੁਸਾਰ ਮੰਗ ਵੱਕਰ ਦਾ ਢਲਾਣ ਧਨਾਤਮਕ ਹੁੰਦਾ ਹੈ। (ਸਹੀ ਜਾਂ ਗ਼ਲਤ)
4. $\bar{X}$, Z ਅਤੇ M ਵਿੱਚ ਕੀ ਸੰਬੰਧ ਹੈ?
5. ਜਦੋਂ ਵਸਤੂ ਦੀ ਵਾਧੂ ਇਕਾਈ ਦਾ ਉਪਭੋਗ ਕੀਤਾ ਜਾਂਦਾ ਹੈ ਤਾਂ ਸੀਮਾਂਤ ਉਪਯੋਗਤਾ ............ ਹੈ।
   A) ਘੱਟਦੀ
   B) ਵੱਧਦੀ
   C) ਸਥਿਰ ਰਹਿੰਦੀ
   D) ਉਪਰੋਕਤ ਵਿੱਚੋਂ ਕੋਈ ਨਹੀਂ
6. ਮੰਗ ਦੀ ਕੀਮਤ ਲੋਚ ਨੂੰ ਮਾਪਣ ਦੀਆਂ ਵਿਧਿਆਂ ਦੇ ਨਾਮ ਲਿਖੋ।
7. ਮੰਗ ਵਿੱਚ ਕਮੀ ਦਾ ਕਾਰਣ ਹੈ
   A) ਉਪਭੋਗਤਾ ਦੀ ਆਮਦਨ ਵਿੱਚ ਕਮੀ
   B) ਪ੍ਰਤੀਸਥਾਪਨ ਵਸਤੂ ਦੀ ਕੀਮਤ ਵਿੱਚ ਕਮੀ
   C) ਪੂਰਕ ਵਸਤੂਆਂ ਦੀ ਕੀਮਤ ਵਿੱਚ ਵਾਧਾ
   D) ਉਪਰੋਕਤ ਸਾਰੇ
8. ਉੱਚਾ ਉਦਾਸੀਨ ਵੱਕਰ ਸੰਤੁਸ਼ਟੀ ਦੇ ਉੱਚ ਪੱਧਰ ਨੂੰ ਦਰਸਾਉਂਦਾ ਹੈ। (ਸਹੀ ਜਾਂ ਗ਼ਲਤ)

9. ਸਾਂਖਿਅਕੀ ਨੂੰ ............ ਅਰਥਾਂ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ। (ਖਾਲੀ ਥਾਂ ਭਰੋ)

10. ਹੇਠ ਲਿਖਿਆਂ ਵਿੱਚ ਕਿਹੜੀ ਗਣਿਤਕ ਔਸਤ (Arithmetic Mean) ਦੀ ਵਿਧੀ ਨਹੀਂ ਹੈ?
    A) ਪ੍ਰਤੱਖ ਵਿਧੀ
    B) ਲਘੂ ਵਿਧੀ
    C) ਪਦ ਵਿਚਲਨ ਵਿਧੀ
    D) ਲਘੂ ਕਾਰਲ ਪੀਅਰਸਨ ਵਿਧੀ

**ਭਾਗ - II**

**(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ 3-3 ਅੰਕਾਂ ਦੇ ਹਨ।)**

(5X3=15)

11. ਮੰਗ ਦੀ ਕੀਮਤ ਲੋਚ ਤੋਂ ਕੀ ਭਾਵ ਹੈ?
12. ਪ੍ਰਬੰਧਕੀ ਅਰਥ- ਸ਼ਾਸਤਰ ਦੇ ਖੇਤਰ ਬਾਰੇ ਸੰਖੇਪ ਵਿੱਚ ਵਿਆਖਿਆ ਕਰੋ।
13. ਸਾਂਖਿਅਕੀ ਤੋਂ ਕੀ ਭਾਵ ਹੈ?
14. ਸਮ- ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀਆਂ ਮਾਨਤਾਵਾਂ ਲਿਖੋ।
15. ਉਪਭੋਗਤਾ ਸੰਤੁਲਨ ਦੀ ਸੰਖੇਪ ਵਿੱਚ ਵਿਆਖਿਆ ਕਰੋ।
16. ਸਹਿ ਸਬੰਧ ਦੀ ਵਿਭਿੰਨ ਕਿਸਮਾਂ ਬਾਰੇ ਲਿਖੋ।
17. ਹੇਠਾਂ ਲਿਖੀ ਜਾਣਕਾਰੀ ਤੋਂ ਵਿਸਥਾਰ (Range) ਗਿਆਤ ਕਰੋ।
    ਸੱਭ ਤੋਂ ਵੱਡੀ ਮੱਦ - 80
    ਸੱਭ ਤੋਂ ਛੋਟੀ ਮੱਦ - 35

**ਭਾਗ - III**

**(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ)**

(1X5=5)

18. ਸੂਚਕ ਅੰਕ ਕੀ ਹੈ? ਸੂਚਕ ਅੰਕਾਂ ਦੇ ਕੀ ਲਾਭ ਹਨ?
19. ਹੇਠ ਲਿਖੀ ਲੜੀ ਦਾ ਬਹੁਲਕ ਗਿਆਤ ਕਰੋ।

| ਅਕਾਰ: | 0-5 | 5-10 | 10-15 | 15-20 | 20-25 | 25-30 | 30-35 |
|---|---|---|---|---|---|---|---|
| ਆਵ੍ਰਿਤੀ: | 1 | 2 | 10 | 4 | 10 | 9 | 2 |

# MODEL TEST PAPER
## PAPER - III
## INTRODUCTION TO COMPUTER APPLICATIONS
## TRADE – BANKING AND FINANCIAL SERVICES
## SUBJECT CODE - 217

TIME: 2 Hours MM: 30

**ਭਾਗ - I**

**(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ)**

(10X1=10)

1. ਹੇਠ ਲਿਖਿਆਂ ਵਿੱਚੋ ਕਿਹੜਾ ਈ- ਵਣਜ ਦਾ ਮਾਡਲ ਨਹੀਂ ਹੈ?
   A) D2C
   B) B2B
   C) C2C
   D) B2C
2. ਈ-ਮਾਰਕੀਟਿੰਗ ਸਿਰਫ਼ ਵੱਡੇ ਕਾਰੋਬਾਰਾਂ ਲਈ ਲਾਭਦਾਇਕ ਹੈ। (ਸਹੀ ਜਾਂ ਗ਼ਲਤ)
3. ਈ- ਬਿਜ਼ਨਸ ਕਾਰੋਬਾਰਾਂ ਨੂੰ ............... ਲੈਣ-ਦੇਣ ਕਰਨ ਦੀ ਇਜਾਜ਼ਤ ਦਿੰਦਾ ਹੈ। (ਖਾਲੀ ਥਾਂ ਭਰੋ)
4. ਕੋਈ ਇੱਕ ਇਨਪੁੱਟ ਯੰਤਰ ਦਾ ਨਾਮ ਦਸੋ।
5. ਈ- ਭੁਗਤਾਨ ਨੂੰ ਇਹ ਵੀ ਕਿਹਾ ਜਾਂਦਾ ਹੈ
   A) ਇਲੈਕਟ੍ਰਾਨਿਕ ਭੁਗਤਾਨ
   B) ਇੰਟਰਨੈੱਟ ਭੁਗਤਾਨ
   C) ਵੈੱਬ ਭੁਗਤਾਨ
   D) ਉਪਰੋਕਤ ਸਾਰੇ
6. ਈ-ਬੈਂਕਿੰਗ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਵਿੱਤੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਦੀ ਹੈ। (ਸਹੀ ਜਾਂ ਗ਼ਲਤ)
7. ਈ- ਵਣਜ ਵਿੱਚ ............ ਦੀ ਆਨ- ਲਾਈਨ ਖ਼ਰੀਦ ਵਿਕਰੀ ਕੀਤੀ ਜਾਂਦੀ ਹੈ। (ਖਾਲੀ ਥਾਂ ਭਰੋ)
8. ਈ- ਨਕਦੀ ਕੀ ਹੈ?
9. ਮੁਖਤਾਰੀ ਸਰਵਰ............ਤੇ ਲੋਡ ਘਟਾਉਂਦਾ ਹੈ।
   A) ਨੋਡ ਸਰਵਰ
   B) ਡੋਮੇਨ ਸਰਵਰ
   C) ਅਸਲ ਸਰਵਰ
   D) ਉਪਰੋਕਤ ਵਿੱਚੋਂ ਕੋਈ ਨਹੀਂ

10. ਈ- ਬੈਂਕਿੰਗ ਵਿੱਚ ਆਨ -ਲਾਈਨ ਖਾਤਿਆਂ ਅਤੇ ਲੈਣ -ਦੇਣ ਨੂੰ ਸੁਰੱਖਿਅਤ ਰੱਖਣ ਲਈ ............ ਗੁਪਤ ਰੱਖਿਆ ਜਾਣਾ ਚਾਹੀਦਾ ਹੈ। (ਖਾਲੀ ਥਾਂ ਭਰੋ)

**ਭਾਗ - II**

**(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ। ਸਾਰੇ ਪ੍ਰਸ਼ਨ 3-3 ਅੰਕਾਂ ਦੇ ਹਨ।)**

(5X3=15)

11. ਈ -ਮਾਰਕੀਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ?
12. ਇਲੈਕਟ੍ਰਾਨਿਕ ਟਰੇਡਿੰਗ ਨਾਲ ਸੰਬੰਧਿਤ ਡੀਮੈਟ ਖਾਤੇ ਪਰ ਨੋਟ ਲਿਖੋ।
13. ਵੀਡੀਓ ਅਡਾਪਟਰਾਂ ਦੀਆਂ ਕਿਸਮਾਂ ਬਾਰੇ ਸੰਖੇਪ ਵਿੱਚ ਵਿਆਖਿਆ ਕਰੋ।
14. ਸਾਈਬਰ ਨਕਦੀ ਕੀ ਹੈ?
15. ਇੰਟਰਨੈਟ ਸਰਵਰ ਪਰ ਨੋਟ ਲਿਖੋ।
16. ਈ- ਬੈਂਕਿੰਗ ਅਤੇ ਪਰੰਪਰਾਗਤ ਬੈਂਕਿੰਗ ਵਿੱਚ ਅੰਤਰ ਸਪਸ਼ਟ ਕਰੋ।
17. ਸੰਖੇਪ ਵਿੱਚ ਭਾਰਤ ਵਿੱਚ ਈ- ਵਣਜ ਦੀ ਸਥਿਤੀ ਲਿਖੋ।

**ਭਾਗ - III**

**(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ)**

(1X5=5)

18. ਡੈਬਿਟ ਕਾਰਡ ਤੋਂ ਕੀ ਭਾਵ ਹੈ? ਡੈਬਿਟ ਕਾਰਡ ਦੇ ਵੱਖ-ਵੱਖ ਪ੍ਰਕਾਰ ਕਿਹੜੇ ਹਨ?
19. ਈ- ਵਣਜ ਕੀ ਹੈ? ਈ- ਵਣਜ ਦੇ ਖੇਤਰ ਬਾਰੇ ਵਿਸਥਾਰ ਪੂਰਵਕ ਵਿਆਖਿਆ ਕਰੋ।

**MODEL TEST PAPER**
**PAPER - III**
**INTRODUCTION TO COMPUTER APPLICATIONS**
**TRADE – BANKING AND FINANCIAL SERVICES**
**SUBJECT CODE – 217**

TIME: 2 Hours MM: 30

**ਭਾਗ - I**

**(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ)**

(10X1=10)

1. ਹੇਠ ਲਿਖਿਆਂ ਵਿੱਚੋਂ ਕਿਹੜੀ ਵੋਲੇਟਾਈਲ ਮੈਮਰੀ ਹੈ?
   A) RAM
   B) ROM
   C) ਦੋਵੇਂ (A) ਅਤੇ (B)
   D) ਉਪਰੋਕਤ ਵਿੱਚੋਂ ਕੋਈ ਨਹੀਂ
2. ਇੰਟਰਨੈੱਟ ਨੇ ............... ਦੇ ਸਾਰੇ ਲੋਕਾਂ ਨੂੰ ਆਪਸ ਵਿੱਚ ਜੋੜ ਦਿੱਤਾ ਹੈ। (ਖਾਲੀ ਥਾਂ ਭਰੋ)
3. ਈ- ਵਣਜ ਨੇ ਵਪਾਰਕ ਸੰਸਥਾਵਾਂ ਦੀ ਲਾਭ ਕਮਾਉਣ ਦੀ ਸਮਰੱਥਾ ਨੂੰ ਵਧਾਇਆ ਹੈ। (ਸਹੀ ਜਾਂ ਗ਼ਲਤ)
4. ਈ- ਮੇਲ ਕੀ ਹੈ?
5. ਲੋਕ ਕੰਪਿਊਟਰ ਦੀ ਵਰਤੋਂ ਕਰਦੇ ਹਨ
   A) ਮਨੋਰੰਜਨ ਲਈ
   B) ਇੰਟਰਨੈੱਟ ਬੈਂਕਿੰਗ ਲਈ
   C) ਈ- ਮੇਲ ਲਈ
   D) ਉਪਰੋਕਤ ਸਾਰੇ
6. ਡੈਬਿਟ ਕਾਰਡ ਬਾਅਦ ਵਿੱਚ ਅਦਾਇਗੀ ਭੁਗਤਾਨ ਪ੍ਰਣਾਲੀ ਦੀ ਇਕ ਕਿਸਮ ਹੈ। ( ਸਹੀ ਜਾਂ ਗ਼ਲਤ)
7. ਕਿਸ ਕਾਨੂੰਨ ਤਹਿਤ ਭਾਰਤ ਵਿੱਚ ਸਾਈਬਰ ਜੁਰਮਾਂ ਨੂੰ ਨਜਿੱਠਿਆ ਜਾਂਦਾ ਹੈ?
8. ਇਲੈਕਟ੍ਰਾਨਿਕ ਬਿਜ਼ਨਸ ਨਾਲ ਪਾਰਦਰਸ਼ਤਾ ਵਿੱਚ ......... ਹੋਇਆ ਹੈ। (ਖਾਲੀ ਥਾਂ ਭਰੋ)
9. ਈ-ਭੁਗਤਾਨ ਸੇਵਾ ਉਪਲਬਧ ਹੈ
   A) ਛੁੱਟੀਆਂ ਦੌਰਾਨ
   B) ਦਿਨ ਵਿੱਚ 24 ਘੰਟੇ
   C) ਕੰਮਕਾਜੀ ਦਿਨਾਂ ਤੇ
   D) ਉਪਰੋਕਤ ਵਿੱਚੋਂ ਕੋਈ ਨਹੀਂ

10. ਈ- ਟਰੇਡਿੰਗ ਅਧੀਨ ਵਸਤੂਆਂ ਦੀ ਖਰੀਦ ਵਿਕਰੀ ਕੀਤੀ ਜਾਂਦੀ ਹੈ। (ਸਹੀ ਜਾਂ ਗ਼ਲਤ)

**ਭਾਗ - II**

**(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ। ਸਾਰੇ ਪ੍ਰਸ਼ਨ 3-3 ਅੰਕਾਂ ਦੇ ਹਨ।)**

(5X3=15)

11. ਇੰਟਰਨੈੱਟ ਡੋਮੇਨ ਪਰ ਨੋਟ ਲਿਖੋ।
12. ਈ- ਵਣਜ ਦੇ ਦੋ ਮੁੱਖ ਮਾਡਲਾਂ ਬਾਰੇ ਲਿਖੋ।
13. ਕੰਪਿਊਟਰ ਦੇ ਇਤਿਹਾਸ ਬਾਰੇ ਸੰਖੇਪ ਵਿੱਚ ਚਰਚਾ ਕਰੋ।
14. ਇਲੈਕਟ੍ਰਾਨਿਕ ਭੁਗਤਾਨ ਪ੍ਰਣਾਲੀ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ ਕੀ ਹਨ?
15. ਈ- ਬਿਜ਼ਨਸ ਦੇ ਖੇਤਰ ਬਾਰੇ ਸੰਖੇਪ ਵਿੱਚ ਵਿਆਖਿਆ ਕਰੋ।
16. ਈ-ਮੇਲ ਦੇ ਵਿਭਿੰਨ ਕਿਹੜੇ ਲਾਭ ਹਨ?
17. ਇਲੈਕਟ੍ਰਾਨਿਕ ਟਰੇਡਿੰਗ ਕੀ ਹੈ?

**ਭਾਗ - III**

**(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ)**

(1X5=5)

18. ਈ- ਚੈੱਕ ਕੀ ਹਨ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ ਹਨ?
19. ਈ- ਮਾਰਕੀਟਿੰਗ ਕੀ ਹੈ? ਭਾਰਤ ਵਿੱਚ ਈ -ਮਾਰਕੀਟਿੰਗ ਦੀ ਮੌਜੂਦਾ ਸਥਿਤੀ ਬਾਰੇ ਵਿਸਥਾਰ ਪੂਰਵਕ ਵਿਆਖਿਆ ਕਰੋ।